THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ.ਟੀ.ਈ ਐਂਡ ਆਈ.ਟੀ/2019/ 2678 ਮਿਤੀ 22.08.2019

ਵੱਲ :
ਸਮੂਹ ਪ੍ਰਿੰਸੀਪਲ
ਸਾਰੀਆਂ ਸਰਕਾਰੀ/ਗੈਰ ਸਰਕਾਰੀ ਬਹੁਤਕਨੀਕੀ ਅਤੇ
ਫਾਰਮੇਸੀ ਸੰਸਥਾਵਾਂ, ਪੰਜਾਬ ਅਤੇ ਚੰਡੀਗੜ੍ਹ ।

**ਵਿਸ਼ਾ: ਸੈਸ਼ਨ 2019-20 ਦੇ ਦਾਖਲਿਆਂ ਨਾਲ ਸਬੰਧਤ ਆਨ ਲਾਈਨ ਫੀਸ ਰਿਫੰਡ ਲਈ ਮਿਤੀ 21.09.2019 ਤੱਕ ਅਪਲਾਈ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਜਾਣੂ ਹੋ ਕਿ ਸੈਸ਼ਨ 2019-20 ਲਈ ਡਿਪਲੋਮਾ ਕੋਰਸਾਂ ਦੀ ਆਨ ਲਾਈਨ ਕਾਊਂਸਲਿੰਗ ਖਤਮ ਹੋ ਚੁੱਕੀ ਹੈ। ਆਮ ਤੌਰ ਤੇ ਦੂਜੀ ਕਾਉਸਲਿੰਗ ਉਪਰੰਤ ਕੁੱਝ ਵਿਦਿਆਰਥੀਆਂ ਵੱਲੋਂ ਸੀਟਾਂ ਛੱਡ ਦਿੱਤੀਆਂ ਜਾਂਦੀਆਂ ਹਨ ਅਤੇ ਕੁੱਝ ਵਿਦਿਆਰਥੀਆਂ ਵੱਲੋਂ ਵਾਧੂ ਦਾਖਲਾ ਫੀਸ ਜਮ੍ਹਾਂ ਕਰਵਾਈ ਜਾਂਦੀ ਹੈ ਅਤੇ ਕੁੱਝ ਵਿਦਿਆਰਥੀਆਂ ਦੀ ਸੀਟ ਕੰਨਫਰਮ ਵੀ ਨਹੀਂ ਹੋ ਸਕਦੀ। ਇਸ ਸਬੰਧੀ ਬੋਰਡ ਦਫਤਰ ਦੇ ਮੌਜੂਦਾ ਨਿਯਮਾਂ ਅਨੁਸਾਰ ਇਹਨਾਂ ਵਿਦਿਆਰਥੀਆਂ ਲਈ ਫੀਸ ਰਿਫੰਡ ਲਈ ਵੱਖ-ਵੱਖ ਕੋਰਸਾਂ ਵਿੱਚ ਦਾਖਲੇ ਲਈ ਤਿਆਰ Prospectus ਦੇ Part 1 Sub part VII "Refund of Fees" ਅਧੀਨ ਹੇਠ ਅਨੁਸਾਰ ਉਪਬੰਧ ਹੈ:

**REFUND OF FEES :**

***In the event of a student/candidate surrendering the seat before starting of the course, the admission fee collected from the student after a deduction of the processing fee of not more than Rs. 1000/- shall be refunded. However if a student leaves after joining the course and the seat consequently falls vacant is filled by another candidate by the last date of admission, the fee shall be refunded after making proportionate deductions of fee and hostel rent (where applicable).***

***The request for refund of fee should be made to the Board within 30 days of the end of counseling through online submission of the application in the counseling website. No applications will be entertained after the stipulated time.***

ਇਸ ਨਾਲ ਸਿਖਿਆਰਥੀਆਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਤੀ 23.08.2019 ਤੋਂ 21.09.2019 ਤੱਕ ਆਨ ਲਾਈਨ ਫੀਸ ਰਿਫੰਡ ਲਈ ਅਪਲਾਈ ਕਰ ਲੈਣ ਅਤੇ ਆਨ-ਲਾਈਨ ਫੀਸ ਰਿਫੰਡ ਅਪਲਾਈ ਕਰਨ ਦੀ ਰਸੀਦ (Confirmation Slip) ਭੱਵਿਖ ਵਿੱਚ ਬੋਰਡ ਨਾਲ ਸੰਪਰਕ ਕਰਨ ਵਾਸਤੇ ਸੰਭਾਲ ਲੈਣ ਤਾਂ ਜੋ ਸਿਖਿਆਰਥੀਆਂ ਨੂੰ ਫੀਸ ਦਾ ਰਿਫੰਡ ਲੈਣ ਸਬੰਧੀ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ, ਕਿਉ ਕਿ ਬੋਰਡ ਦਫਤਰ ਵਿਖੇ ਸੈਸ਼ਨ 2019-20 ਲਈ ਆਫ-ਲਾਈਨ ਫੀਸ ਰਿਫੰਡ ਕਰਨ ਦੀ ਕੋਈ ਪਾਲਿਸੀ ਨਹੀ ਹੈ।

22/8/19
ਡਾਇਰੈਕਟਰ ਅਕੈਡਮਿਕ
22/8/19